# ਨਿਗਰਾਨ ਇੰਜੀਨੀਅਰ, ਪਟਿਆਲਾ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਸਰਕਲ, ਜਲ ਸਰੋਤ ਵਿਭਾਗ, ਪੰਜਾਬ

sedrainagecirclepatiala@gmail.com

ਵਲੋਂ

ਨਿਗਰਾਨ ਇੰਜੀਨੀਅਰ, ਪਟਿਆਲਾ
ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਸਰਕਲ,
ਜਲ ਸਰੋਤ ਵਿਭਾਗ, ਪੰਜਾਬ।

ਵੱਲ

M/s Affinity Buildtech
"Affinity Belgravia",
Zirakpur, Distt. S.A.S. Nagar.

ਨੰਬਰ : 685-87 /255-ਡਬ ਮਿਤੀ 30/01/2023

ਵਿਸ਼ਾ Issue of N.O.C. to M/s Affinity Buildtech for developing land as Residential Group Housing and Commercial Project in the name and style of "Affinity Belgravia", Hadbast No. 44 at NH-7, Village Chhat, Zirakpur, Distt. S.A.S. Nagar.

ਹਵਾਲਾ ਆਪ ਦਾ ਪੱਤਰ ਨੰ. ਨਿੱਲ, ਮਿਤੀ 21/12/2022. (ਪ੍ਰਾਪਤ ਮੁੱਖ ਇੰਜੀਨੀਅਰ/ਜਲ ਨਿਕਾਸ ਜੀ ਦੇ ਦਫਤਰ ਰਾਹੀਂ)

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਮੁੱਖ ਇੰਜੀਨੀਅਰ/ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ-1, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਪੱਤਰ ਨੰ. 72-73/3 ਡੀ/2022, ਮਿਤੀ 30/01/2023 ਰਾਹੀਂ ਆਪ ਦਾ ਰਿਹਾਇਸ਼ੀ ਗਰੁੱਪ ਹਾਉਸਿੰਗ ਅਤੇ ਕਮਰਸ਼ੀਅਲ ਪ੍ਰੋਜੈਕਟ ਸਥਾਪਿਤ ਕਰਨ ਲਈ ਐਨ.ਓ.ਸੀ. ਜਾਰੀ ਕਰਨ ਹਿੱਤ ਪ੍ਰਵਾਨਗੀ ਦਿੱਤੀ ਗਈ ਹੈ। ਇਸ ਸਬੰਧ ਵਿਚ ਕਾਰਜਕਾਰੀ ਇੰਜੀਨੀਅਰ, ਐਸ.ਏ.ਐਸ. ਨਗਰ ਵੱਲੋਂ ਕੀਤੀ ਗਈ ਰਿਪੋਰਟ ਵਿੱਚ ਕੀਤੀ ਗਈ ਸਿਫਾਰਸ਼ ਦੇ ਅਧਾਰ ਤੇ ਇਤਰਾਜਹੀਣਤਾ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤਹਿਤ ਜਾਰੀ ਕੀਤਾ ਜਾਂਦਾ ਹੈ। ਜੇਕਰ ਆਪ ਵੱਲੋਂ ਹੇਠ ਲਿਖੀਆਂ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ ਤਾਂ ਨੋਰਦਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਤਹਿਤ ਕਾਰਵਾਈ ਕੀਤੀ ਜਾਵੇਗੀ :-

1. M/s Affinity Buildtech ਵੱਲੋਂ ਪਿੰਡ ਛੱਤ, ਹੱਦਬਸਤ ਨੰ. 44, ਜੀਰਕਪੁਰ, ਜਿਲ੍ਹਾ ਐਸ.ਏ.ਐਸ. ਨਗਰ ਵਿਖੇ ਰਿਹਾਇਸ਼ੀ ਕਲੋਨੀ ਅਤੇ ਕਮਰਸ਼ੀਅਲ ਪ੍ਰੋਜੈਕਟ "Affinity Belgravia", (ਕੁੱਲ ਰਕਬਾ - 58 ਬਿਘਾ, 16 ਬਿਸਵਾ, 10 ਬਿਸਵਾਸੀ, 12.154 ਏਕੜ) ਰਕਬੇ ਵਿੱਚ ਸਥਾਪਿਤ ਕੀਤੀ ਜਾਣੀ ਹੈ, ਉਸ ਵਿੱਚੋਂ ਕੋਈ ਕਰੀਕ/ਨਦੀ/ਚੋਅ/ਡਰੇਨ ਆਦ ਨਹੀਂ ਲੰਘਦਾ ਪਰੰਤੂ ਫਿਰ ਵੀ ਇਸ ਰਕਬੇ ਦੇ ਬਰਸਾਤੀ ਪਾਣੀ ਦੇ ਕੁਦਰਤੀ ਵਹਾਓ ਵਿੱਚ ਕੋਈ ਰੁਕਾਵਟ ਨਹੀਂ ਪੈਣੀ ਚਾਹੀਦੀ ਅਤੇ ਇਸ ਨੂੰ ਬਹਾਲ ਰੱਖਣਾ ਜਮੀਨ ਗ੍ਰਹਿਣ ਕਰਨ ਵਾਲੀ ਆਪ ਦੀ ਜਿੰਮੇਵਾਰੀ ਹੋਵੇਗੀ।
2. ਤਜਵੀਜਤ ਰਿਹਾਇਸ਼ੀ ਕਲੋਨੀ ਅਤੇ ਕਮਰਸ਼ੀਅਲ ਪ੍ਰੋਜੈਕਟ ਦਾ ਕੰਮ ਕਰਵਾਉਣ ਸਮੇਂ ਬਰਸਾਤੀ ਪਾਣੀ ਦੀ ਨਿਕਾਸੀ ਲਈ ਜੇਕਰ ਢੁੱਕਵੀਆਂ ਥਾਵਾਂ ਉੱਪਰ ਪੁਲੀਆਂ ਜਾਂ ਕਿਸੇ ਹੋਰ ਸਟਰੱਕਚਰ ਦੀ ਉਸਾਰੀ ਕਰਨ ਦੀ ਲੋੜ ਪੈਂਦੀ ਹੈ ਤਾਂ ਉਸ ਦਾ ਡਿਜਾਇੰਨ ਇਸ ਵਿਭਾਗ ਤੋਂ ਵੈਟ ਕਰਵਾਉਣ ਉਪਰੰਤ ਆਪਣੇ ਖਰਚੇ ਤੇ ਉਸਾਰੀ ਕਰਨ ਲਈ ਆਪ ਪਾਬੰਦ ਹੋਵੋਗੇ।
3. ਪੰਜਾਬ ਸਰਕਾਰ, ਜਲ ਸਰੋਤ ਵਿਭਾਗ ਜੀ ਦੇ ਨੋਟੀਫਿਕੇਸ਼ਨ ਨੰ. WR-IRWR03/1IW1/8 ਮਿਤੀ 06/01/2023 ਅਨੁਸਾਰ ਜੇਕਰ ਕੋਈ ਪੱਕਾ ਸਟੱਰਕਚਰ (Bridge, Foot Bridge Including Ramp and Another Allied Works Connected to Bridges) ਦਾ ਕੰਮ ਕਰਵਾਉਣਾ ਹੈ, ਤਾਂ ਇਸ ਨੋਟੀਫਿਕੇਸ਼ਨ ਅਨੁਸਾਰ ਇਸ ਦਫਤਰ ਵਿੱਚ ਲੋੜੀਂਦਾ ਪ੍ਰੋਫਾਰਮੇ ਭਰਕੇ ਸਮੇਤ ਡਰਾਇੰਗ ਮੁਕੰਮਲ ਰੂਪ ਵਿੱਚ ਕੇਸ ਇਸ ਦਫਤਰ ਨੂੰ ਐਨ.ਓ.ਸੀ. ਲਈ ਭੇਜਿਆ ਜਾਵੇ।

Tajinder Singh CHD

4. ਤਜਵੀਜਤ ਰਿਹਾਇਸ਼ੀ ਕਲੋਨੀ ਅਤੇ ਕਮਰਸ਼ੀਅਲ ਪ੍ਰੋਜੈਕਟ ਵਿੱਚ ਕੰਮ ਦੇ ਅੰਦਰੂਨੀ ਬਰਸਾਤੀ ਪਾਣੀ ਦੀ ਨਿਕਾਸੀ ਲਈ ਸਰਕਾਰੀ ਹਦਾਇਤਾਂ ਅਨੁਸਾਰ ਰੇਨ ਵਾਟਰ ਹਾਰਵੈਸਟਿੰਗ ਟੈਂਕ/ਰੀ-ਚਾਰਜਿੰਗ ਵੈਲਾਂ ਦੀ ਉਸਾਰੀ ਕਰਨ ਲਈ ਆਪ ਪਾਬੰਦ ਹੋਵੋਗੇ।
5. ਜੇਕਰ ਕੁਦਰਤੀ ਵਹਾਓ ਵਿੱਚ ਕੋਈ ਉਸਾਰੀ ਜਾਂ ਰੁਕਾਵਟ ਖੜ੍ਹੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਦੂਰ/ਰਿਮੂਵ ਕਰਵਾਉਣ ਤੇ ਆਉਣ ਵਾਲਾ ਸਾਰਾ ਖਰਚਾ ਆਪ ਤੋਂ ਕਰਵਾਇਆ ਜਾਵੇਗਾ।
6. ਤਜਵੀਜਤ ਰਿਹਾਇਸ਼ੀ ਕਲੋਨੀ ਅਤੇ ਕਮਰਸ਼ੀਅਲ ਪ੍ਰੋਜੈਕਟ ਦੇ ਸਥਾਪਿਤ ਹੋਣ ਨਾਲ ਬਰਸਾਤੀ ਪਾਣੀ ਦੇ ਸ਼ੀਟ ਫਲੋਅ ਵਿੱਚ ਆਉਣ ਵਾਲੀ ਰੁਕਾਵਟ ਦੂਰ ਕਰਨ ਲਈ ਬਰਸਾਤੀ ਪਾਣੀ ਦੀ ਨਿਕਾਸੀ ਅਤੇ ਸੀਵਰੇਜ ਦੇ ਯੋਗ ਪ੍ਰਬੰਧ ਆਪ ਵੱਲੋਂ ਕੀਤੇ ਜਾਣੇ ਹਨ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਬਰਸਾਤੀ ਪਾਣੀ ਦੇ ਵਹਾਅ ਵਿੱਚ ਆਉਣ ਵਾਲੀ ਰੁਕਾਵਟ ਕਾਰਨ ਨੇੜੇ ਦੇ ਇਲਾਕਾ ਨਿਵਾਸੀਆਂ ਦੇ ਹੋਣ ਵਾਲੇ ਸੰਭਾਵਿਤ ਨੁਕਸਾਨ ਦੀ ਨਿਰੋਲ ਜਿੰਮੇਵਾਰੀ ਆਪ ਦੀ ਹੋਵੇਗੀ।
7. ਤਜਵੀਜਤ ਰਿਹਾਇਸ਼ੀ ਕਲੋਨੀ ਅਤੇ ਕਮਰਸ਼ੀਅਲ ਪ੍ਰੋਜੈਕਟ ਦੇ ਅੱਗੇ ਜੇਕਰ ਰੋਡ ਦੇ ਨਾਲ-ਨਾਲ ਕੋਈ ਸਾਈਡ ਡਰੇਨ ਬਣੀ ਹੋਈ ਹੈ, ਤਾਂ ਉਸ ਦੇ ਕੁਦਰਤੀ ਵਹਾਅ ਵਿੱਚ ਕਿਸੇ ਕਿਸਮ ਦੀ ਰੁਕਾਵਟ ਨਾ ਪਾਈ ਜਾਵੇ ਅਤੇ ਹਰ ਬਰਸਾਤੀ ਮੌਸਮ ਤੋਂ ਪਹਿਲਾਂ ਇਸ ਦੀ ਸਫਾਈ ਕਰਵਾਉਣ ਲਈ ਆਪ ਪਾਬੰਦ ਹੋਵੋਗੇ।
8. ਤਕਨੀਕੀ ਸਲਾਹਕਾਰ-ਟੂ-ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਮੀਮੋ ਨੰ. ATPB/74/IRRI/GEN dt. 6.11.2012 ਰਾਹੀਂ ਜਾਰੀ ਹਦਾਇਤਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ ਜੀ।
9. ਤਜਵੀਜਤ ਰਿਹਾਇਸ਼ੀ ਕਲੋਨੀ ਅਤੇ ਕਮਰਸ਼ੀਅਲ ਪ੍ਰੋਜੈਕਟ ਦੇ ਬਾਹਰਲੇ ਸ਼ੀਟ ਫਲੋਅ ਨੂੰ ਅੱਗੇ ਲੰਘਾਉਣ ਲਈ ਆਪ ਵੱਲੋਂ ਕਲੋਨੀ ਦੀ ਬਾਊਂਡਰੀ ਵਾਲ ਦੇ ਨਾਲ-ਨਾਲ ਆਰ.ਸੀ.ਸੀ. ਪਾਈਪਾਂ ਰਾਹੀਂ ਜਾਂ ਆਰ.ਸੀ.ਸੀ. ਕਲਵਰਟ ਰਾਹੀਂ ਬਰਸਾਤੀ ਪਾਣੀ/ਸ਼ੀਟ ਫਲੋਅ ਦੇ ਪਾਣੀ ਨੂੰ ਅਗੇ ਲੰਘਾਉਣ ਲਈ ਪਾਬੰਦ ਹੋਣਗੇ ਅਤੇ ਡਰਾਇੰਗ ਇਸ ਦਫਤਰ ਤੋਂ ਵੈਟ ਕਰਵਾਉਣੀ ਯਕੀਨੀ ਬਣਾਈ ਜਾਵੇ। ਜੇਕਰ ਆਪ ਵੱਲੋਂ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਉਨ੍ਹਾਂ ਵਿਰੁੱਧ ਨੋਰਦਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਤਹਿਤ ਕਾਰਵਾਈ ਕੀਤੀ ਜਾਵੇਗੀ।
10. ਤਜਵੀਜਤ ਰਿਹਾਇਸ਼ੀ ਕਲੋਨੀ ਅਤੇ ਕਮਰਸ਼ੀਅਲ ਪ੍ਰੋਜੈਕਟ ਲਈ ਐਕਵਾਇਰ ਕੀਤੀ ਗਈ ਜਮੀਨ ਵਿੱਚ ਜੇਕਰ ਕੋਈ (ਖਾਲਾ, ਨਹਿਰ ਅਤੇ ਡਰੇਨ ਦੀ ਜਮੀਨ ਜਲ ਸਰੋਤ ਵਿਭਾਗ ਅਧੀਨ ਆਉਂਦੀ ਹੈ ਤਾਂ ਉਨ੍ਹਾਂ ਖਸਰਾ ਨੰਬਰਾਂ ਵਿੱਚ ਕੋਈ ਵੀ ਛੇੜ-ਛਾੜ ਨਾ ਕੀਤੀ ਜਾਵੇ।
11. ਪੰਜਾਬ ਸਰਕਾਰ, ਜਲ ਸਰੋਤ ਵਿਭਾਗ (ਮਾਈਨਜ਼ ਅਤੇ ਜਿਆਲੋਜੀ) ਵੱਲੋਂ ਨੋਟੀਫਿਕੇਸ਼ਨ ਨੰ. 11/4/2022-PJ-6/338 ਮਿਤੀ ਚੰਡੀਗੜ੍ਹ 24/08/2022 ਰਾਹੀਂ ਜਾਰੀ "Punjab State Sand and Gravel Mining Policy, 2022" ਨੂੰ ਆਪ ਮੰਨਣ ਲਈ ਪਾਬੰਦ ਹੋਵੋਗਾ। ਜੇਕਰ ਆਪ ਵੱਲੋਂ ਅਜਿਹਾ ਨਹੀਂ ਕੀਤਾ ਜਾਂਦਾ ਹੈ, ਤਾਂ ਐਨ.ਓ.ਸੀ. ਬਿਨ੍ਹਾਂ ਕਿਸੇ ਨੋਟਿਸ ਤੋਂ ਰੱਦ ਕਰਨ ਦਾ ਅਧਿਕਾਰ ਜਲ ਨਿਕਾਸ ਵਿਭਾਗ ਕੋਲ ਰਾਖਵਾਂ ਹੋਵੇਗਾ।

ਨਿਗਰਾਨ ਇੰਜੀਨੀਅਰ, ਪਟਿਆਲਾ
ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਸਰਕਲ,
ਜਲ ਸਰੋਤ ਵਿਭਾਗ, ਪੰਜਾਬ।

ਕਾਪੀ/-

1. ਮੁੱਖ ਇੰਜੀਨੀਅਰ/ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ-1, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਉਨ੍ਹਾਂ ਦੇ ਪੱਤਰ ਨੰ. 72-73/3 ਡੀ/2022, ਮਿਤੀ 30/01/2023 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਹੈ ਜੀ।
2. ਕਾਰਜਕਾਰੀ ਇੰਜੀਨੀਅਰ, ਐਸ.ਏ.ਐਸ. ਨਗਰ ਜਲ ਨਿਕਾਸ-ਕਮ-ਮਾਈਨਿੰਗ ਅਤੇ ਜਿਆਲੋਜੀ ਮੰਡਲ, ਜਲ ਸਰੋਤ ਵਿਭਾਗ, ਪੰਜਾਬ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ. 435-36/ਡੀ.ਬੀ./30/ਐਨ.ਓ.ਸੀ./ਡਰੇਨੇਜ, ਮਿਤੀ 20/01/2023 ਦੇ ਸਬੰਧ ਵਿਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।